*( ਦਸੰਬਰ-ਜਨਵਰੀ )*

**ਜਮਾਤ- ਨੌਵੀਂ , ਵਿਸ਼ਾ-ਪੰਜਾਬੀ**

**ਵੰਨਗੀ-ਕਹਾਣੀ**

# ਬਾਕੀ ਸਭ ਸੁੱਖ -ਸਾਂਦ ਹੈ

**ਲੇਖਕ- ਮੋਹਨ ਭੰਡਾਰੀ**

**ਪ੍ਰਸ਼ਨ- ਬਾਕੀ ਸਭ ਸੁਖ-ਸਾਂਦ ਹੈ' ਕਹਾਣੀ ਨੂੰ ਸੰਖੇਪ ਕੇ ਲਿਖੋ ।**

ਉੱਤਰ-ਮੋਹਣ ਸਿੰਘ ਪੰਜਵੀਂ ਤੋਂ ਲੈ ਕੇ ਦਸਵੀਂ ਪਾਸ ਕਰਨ ਤੱਕ ਬੀਹੀ ਦੇ ਲੋਕਾਂ ਦੀਆਂ ਚਿੱਠੀਆਂ ਲਿਖਦਾ ਰਿਹਾ ਸੀ । ਲੋਕ ਚਿੱਠੀਆਂ ਸਿੱਧੀ ਤਰ੍ਹਾਂ ਨਹੀਂ ਸਨ ਲਿਖਾਉਂਦੇ। ਕੁੜੀਆਂ ਆਪਣੇ ਪਰਦੇਸੀ ਪਤੀਆਂ ਵਲ ਬਿਰਹੋਂ ਭਰੀਆਂ ਚਿੱਠੀਆਂ ਲਿਖਾਉਂਦੀਆਂ । ਮੋਹਣ ਸਿੰਘ ਅਜਿਹੀਆਂ ਚਿੱਠੀਆਂ ਲਿਖ- ਲਿਖ ਕੇ ਥੱਕ ਚੁੱਕਾ ਸੀ, ਜੋ ਕਿ ਨਿਹੋਰਿਆਂ ਤੇ ਟਿੱਚਰਾਂ ਭਰੇ ਟੋਟਕਿਆਂ ਤੇ ਅਤਿਕਥਨੀਆਂ ਨਾਲ ਭਰੀਆਂ ਹੁੰਦੀਆਂ ਸਨ । ਬੁੜ੍ਹੀਆਂ ਚਿੱਠੀਆਂ ਲਿਖਾਉਣ ਸਮੇਂ ਆਪਣੇ ਰੋਣੇ ਰੋਂਦੀਆਂ ਸਨ, ਜਿਨ੍ਹਾਂ ਵਿੱਚ ਕੁਪੱਤੀ ਨੂੰਹ, ਮਾਪਿਆਂ ਦੇ ਬੈਠੀ ਦੁਖੀ ਧੀ, ਫ਼ੌਜ ਵਿਚ ਭਰਤੀ ਹੋਏ ਪੁੱਤਰ, ਹੱਥ ਦੀ ਤੰਗੀ ਜਾਂ ਮੁਕੱਦਮੇ ਆਦਿ ਦਾ ਜ਼ਿਕਰ ਹੁੰਦਾ ਸੀ ।

ਮੋਹਣ ਸਿੰਘ ਲੋਕਾਂ ਦੇ ਦੁੱਖ ਲਿਖ-ਲਿਖ ਕੇ ਦੁਖੀ ਹੋ ਜਾਂਦਾ ਸੀ ਤੇ ਸੋਚਦਾ ਸੀ ਕਿ ਕਦੇ ਉਹ ਸੁਖੀ ਵੀ ਹੋਣਗੇ ਤੇ ਉਸ ਤੋਂ ਸੋਹਣੀਆਂ-ਸੋਹਣੀਆਂ ਗੱਲਾਂ ਵੀ ਲਿਖਾਉਣਗੇ। ਉਸ ਦਾ ਦਿਲ ਕਰਦਾ ਸੀ ਕਿ ਉਹ ਪਿੰਡੋਂ ਕਿਧਰੇ ਭੱਜ ਜਾਵੇ । ਉਸ ਨੇ ਲੋਕਾਂ ਨੂੰ ਪਿੰਡ ਦੇ ਹੋਰਨਾਂ ਪੰਜਵੀਂ ਵਿੱਚ ਪੜ੍ਹਦੇ ਮੁੰਡਿਆਂ ਤੋਂ ਚਿੱਠੀਆਂ ਲਿਖਾਉਣ ਇਸ਼ਾਰਾਂ ਵੀ ਕੀਤਾ ਸੀ, ਪਰ ਉਹ ਕਹਿੰਦੇ ਸਨ ਦਾ ਕਿ ਉਹ ਹਰ ਇੱਕ ਦੇ ਅੱਗੇ ਕਬੀਲਦਾਰੀ ਦੇ ਪਰਦੇ ਨਹੀਂ ਫੋਲ ਸਕਦੇ, ਪਰ ਉਹ ਉਨ੍ਹਾਂ ਨੂੰ ਚਿੱਠੀ ਲਿਖਣ ਵਿੱਚ ਟਾਲਮਟੋਲ ਕਰਦਾ ਰਹਿੰਦਾ, ਜਿਸ ਕਰਕੇ ਲੋਕ ਉਸ ਵਿਰੁੱਧ ਗੁੱਸੇ ਨਾਲ ਭਰੇ ਹੋਏ ਸਨ। ਪਰਸੋਂ ਜਾਗਰ ਦੀ ਮਾਂ ਹਰ ਕੌਰ ਮੋਹਣ ਸਿੰਘ ਕੋਲ ਚਿੱਠੀ ਲਿਖਾਉਣ ਆਈ । ਉਸ ਦੇ ਟਾਲਮਟੋਲ ਕਰਨ ਤੇ ਉਸ ਨੇ ਅੱਖਾਂ ਭਰ ਲਈਆਂ ਤੇ ਉਹ ਉਸ ਦੇ ਘਰ ਚਲਾ ਗਿਆ, ਜਿੱਥੇ ਉਸ ਨੂੰ ਦੁੱਧ ਪੀਣ ਲਈ ਦਿੱਤਾ, ਜਿਸ ਦੇ ਗਰਮ ਹੋਣ ਕਰਕੇ ਉਸ ਦੀ ਜੀਭ ਸੜ ਗਈ ਤੇ · ਹਰ ਕੌਰ ਨੇ ਉਹ ਠੰਢਾ ਕਰ ਦਿੱਤਾ ।

ਅੰਦਰ ਹਰ ਕੌਰ ਦੀ ਨੂੰਹ ਦਰਦ ਨਾਲ ਕਰਾਹ ਰਹੀ ਸੀ, ਜਿਸ ਦੇ ਪਰਸੋਂ ਪੁੱਤ ਜੰਮਿਆ ਸੀ। ਹਰ ਕੌਰ ਨੇ ਮੋਹਣ ਸਿੰਘ ਨੂੰ ਕਿਹਾ ਕਿ ਉਹ ਅਜਿਹੀ ਚਿੱਠੀ ਲਿਖੇ, ਜਿਸ ਨੂੰ ਪੜ੍ਹ ਕੇ ਉਸ ਦਾ ਪੁੱਤਰ ਫ਼ੌਜ ਵਿੱਚੋਂ ਨਾਂਵਾਂ ਕਟਾ ਆਵੇ । ਫਿਰ ਉਸ ਨੇ ਮੁਕੱਦਮੇ, ਦੀਪੋ ਦੇ ਪ੍ਰਾਹੁਣੇ ਦੇ ਗੁਆਚ ਜਾਣ ਬਾਰੇ, ਮੱਝ ਤੇ ਤੂਣ ਬਾਰੇ ਤੇ ਉਸ ਦੀ ਪੂਛ ਦੇ ਵੱਢੇ ਜਾਣ ਬਾਰੇ, ਖੇਤੀ ਦਾ ਹਾਲ਼ਾ ਦੇਣ ਲਈ ਵੱਛੇ ਦੇ ਵੇਚੇ ਜਾਣ ਬਾਰੇ, ਨਾਰੇ ਬਲਦ ਕੰਨ੍ਹੇ ਦੇ ਮਤਾੜੇ ਜਾਣ ਬਾਰੇ, ਫ਼ਸਲਾਂ ਦੇ ਪਾਣੀ ਵਿੱਚ ਮਾਰੀਆਂ ਜਾਣ ਬਾਰੇ, ਉਸ ਦੇ ਪੁੱਤਰ ਹੋ ਕੇ ਮਰ ਜਾਣ ਬਾਰੇ ਤੇ ਉਸ ਦੀ ਪਤਨੀ ਕਰਤਾਰੋਂ ਦੇ ਮਰਨ-ਕੰਢੇ ਪਈ ਹੋਣ ਬਾਰੇ ਲਿਖਾਇਆ । ਮੋਹਣ ਸਿੰਘ ਨੇ ਹਰ ਕੌਰ ਨੂੰ ਨੂੰਹ ਦਾ ਇਲਾਜ ਕਰਾਉਣ ਲਈ ਕਿਹਾ । ਹਰ ਕੌਰ ਦੇ ਕਹਿਣ 'ਤੇ ਉਸ ਨੇ ਚਿੱਠੀ ਪੜ੍ਹ ਕੇ ਸੁਣਾਈ ਤੇ

ਉਸ ਨੇ ਕਿਹਾ ਕਿ ਅੰਤ ਵਿੱਚ ਉਹ ਲਿਖ ਦੇਵੇ ਕਿ "ਬਾਕੀ ਸਭ ਸੁਖ ਸਾਂਦ ਹੈ। " ਇਹ ਸੁਣ ਕੇ ਮੋਹਣ ਸਿੰਘ ਦੇ ਹੱਥੋਂ ਕਲਮ ਡਿੱਗ ਪਈ ।

## ਸੰਖੇਪ ਉੱਤਰ ਵਾਲੇ ਪ੍ਰਸ਼ਨ :-

**ਪ੍ਰਸ਼ਨ - ਪਿੰਡ ਦੇ ਲੋਕ ਮੋਹਨ ਸਿੰਘ ਬਾਰੇ ਕਿਹੋ ਜਿਹੀਆਂ ਗੱਲਾਂ ਕਰਦੇ ਸਨ ?**

ਉੱਤਰ-ਪਿੰਡ ਦੇ ਲੋਕ ਮੋਹਨ ਸਿੰਘ ਨੂੰ ਚਿੱਠੀਆਂ ਲਿਖਣ ਤੋਂ ਇਨਕਾਰ ਕਰਦਾ ਦੇਖ ਕੇ ਉਸ ਬਾਰੇ ਗੱਲਾਂ ਕਰਦੇ ਸਨ ਕਿ ਉਹ ਹੰਕਾਰ ਗਿਆ ਹੈ । ਉਸ ਨੇ ਦਸਵੀਂ ਕਾਹਦੀ ਕਰ ਲਈ ਹੈ, ਉਸ ਦਾ ਦਿਮਾਗ਼ ਹੀ ਅਸਮਾਨ ਨੂੰ ਚੜ੍ਹ ਗਿਆ ਹੈ । ਉਹ ਸਮਝਦਾ ਹੈ ਕਿ ਪਿੰਡ ਵਿੱਚ ਉਸ ਤੋਂ ਬਿਨ੍ਹਾਂ ਚਿੱਠੀ ਲਿਖਣ ਵਾਲਾ ਕੋਈ ਨਹੀਂ । ਲੋਕੀਂ ਆਪੇ ਚਿੱਠੀਆਂ ਲਿਖਾਉਣ ਲਈ ਵਿਲਕਦੇ ਫਿਰਨਗੇ । ਉਹ ਉਸ ਦੇ ਪਹਿਰਾਵੇ ਤੇ ਪੱਟੀਆਂ ਵਾਹ ਕੇ ਸਰਦਾਰਾਂ ਦੇ ਮੁੰਡਿਆਂ ਨਾਲ ਬੀਹੀ ਵਿੱਚ ਗੇੜਾ ਮਾਰਨ ਉੱਤੇ ਵੀ ਇਤਰਾਜ਼ ਕਰਦੇ ਤੇ ਕਹਿੰਦੇ ਕਿ ਉਹ ਜਦੋਂ ਇਕੱਲਾ ਟੱਕਰ ਗਿਆ, ਤਾਂ ਨਾਨੀ ਯਾਦ ਕਰਾ ਦੇਣਗੇ। ਇਸ ਤਰ੍ਹਾਂ ਸਾਰਾ ਮੁਹੱਲਾ ਤਰਾਹ-ਤਰਾਹ ਕਰ ਰਿਹਾ ਸੀ ।

**ਪ੍ਰਸ਼ਨ - ਅਜਿਹੇ ਕੀ ਕਾਰਨ ਸਨ, ਜਿਨ੍ਹਾਂ ਕਰਕੇ ਕਹਾਣੀਕਾਰ, ਪਿੰਡ ਦੇ ਲੋਕਾਂ ਦੀਆਂ ਚਿੱਠੀਆਂ ਲਿਖਣ ਤੋਂ ਅੱਕ ਗਿਆ ਸੀ ?**

ਉੱਤਰ-ਲੇਖਕ ਪਿਛਲੇ ਪੰਜਾਂ ਸਾਲਾਂ ਤੋਂ ਲੋਕਾਂ ਦੀਆਂ ਚਿੱਠੀਆਂ ਵਿੱਚ ਲੋਕਾਂ ਦੇ ਦੁੱਖਾਂ-ਸੁੱਖਾਂ ਤੇ ਹਰ ਤਰ੍ਹਾਂ ਦੀਆਂ ਗੱਲਾਂ ਲਿਖ-ਲਿਖ ਕੇ ਤੰਗ ਆ ਗਿਆ ਸੀ । ਕੁੜੀਆਂ ਉਸ ਤੋਂ ਚਾਰ ਚਾਰ ਸਫ਼ਿਆਂ ਦੀਆਂ ਚਿੱਠੀਆਂ, ਦੋਹੇ ਤੇ ਟਿੱਚਰਾਂ ਜੋੜ-ਜੋੜ ਕੇ ਲਿਖਾਉਂਦੀਆਂ ਤੇ ਕੋਈ ਕਹਿੰਦੀਆਂ ਕਿ ਉਹ ਲਿਖੇ ਕਿ ਉਹ ਚਿੱਠੀ ਪਾ ਦੇਵੇ ਕਿ ਉਹ ਇੱਕ ਮਹੀਨੇ ਦੇ ਅੰਦਰ-ਅੰਦਰ ਉਸ ਨੂੰ ਲੈਣ ਆਵੇਗਾ । ਉਹ ਵਾਰਿਸ ਸ਼ਾਹ ਦੇ ਬੈਂਤਾਂ ਤੋਂ ਲੈ ਕੇ ਕਬੀਰ ਦੇ ਦੋਹਿਆਂ ਤਕ ਆਪਣੀਆਂ ਚਿੱਠੀਆਂ ਵਿੱਚ ਪਤਾ ਨਹੀਂ ਕਿਉਂ ਲਿਖਾਉਂਦੀਆਂ। ਕਈ ਕਹਿੰਦੀਆਂ ਉਹ ਆਪਣੇ ਵਲੋਂ ਚਿੱਠੀ ਲਿਖ ਦੇਵੇ | ਕਈ ਇਸਤਰੀਆਂ ਉਸ ਨੂੰ ਕੁੱਝ ਦੱਸੇ ਬਿਨਾਂ ਆਪ ਹੀ ਚਿੱਠੀ ਲਿਖਣ ਲਈ ਕਹਿੰਦੀਆਂ ਤੇ ਬੁੱਢੀਆਂ ਆਪਣੀਆਂ ਨੂੰਹਾਂ-ਧੀਆਂ ਦੇ ਰੋਣੇ ਰੋਂਦੀਆਂ । ਇਨ੍ਹਾਂ ਗੱਲਾਂ ਨੂੰ ਸੁਣ-ਸੁਣ ਕੇ ਉਹ ਦੁਖੀ ਹੋ ਜਾਂਦਾ । ਇਸੇ ਕਰਕੇ ਹੀ ਲੇਖਕ ਚਿੱਠੀਆਂ ਲਿਖਣ ਤੋਂ ਅੱਕ ਗਿਆ ਸੀ ।

**ਪ੍ਰਸ਼ਨ :- "ਮੋਹਣ ਸਿਆਂ, ਤੇਤੋਂ ਕਦੇ ਅਸੀਂ ਕੋਈ ਗੱਲ ਲੁਕਾ ਕੇ ਨੀ ਰੱਖੀ..... ਨਾਲੇ ਤੂੰ ਸਾਡੀ ਸੁਣ ਲੈਨੈਂ ਧਿਆਨ ਨਾਲ।" ਪਿੰਡ ਦੇ ਲੋਕ ਲੇਖਕ ਨੂੰ ਅਜਿਹਾ ਕਿਉਂ ਕਹਿੰਦੇ ਹਨ ?**

ਉੱਤਰ-ਅਸਲ ਵਿੱਚ ਪਿੰਡ ਦੇ ਲੋਕ ਲੇਖਕ ਤੋਂ ਚਿੱਠੀਆਂ ਲਿਖਾਉਂਦੇ ਰਹੇ ਹੋਣ ਕਰਕੇ ਉਸ ਨਾਲ ਖੁੱਲ੍ਹੇ ਹੋਏ ਸਨ ਤੇ ਉਹ ਉਨ੍ਹਾਂ ਦੇ ਭੇਤਾਂ ਦਾ ਸਾਂਝੀਦਾਰ ਸੀ । ਉਹ ਨਹੀਂ ਸਨ ਚਾਹੁੰਦੇ ਕਿ ਉਹ ਕਿਸੇ ਹੋਰ ਅੱਗੇ ਆਪਣੇ ਘਰਾਂ ਤੇ ਦਿਲਾਂ ਦੀਆਂ ਗੱਲਾਂ ਫੋਲਣ । ਇਸੇ ਕਰਕੇ ਉਹ ਲੇਖਕ ਨੂੰ ਉਪਰੋਕਤ ਸ਼ਬਦ ਕਹਿੰਦੇ ਹੋਏ ਇਸ ਗੱਲ ਨੂੰ ਸਪੱਸ਼ਟ ਕਰਦੇ ਕਿ ਉਹ ਉਸ ਤੋਂ ਸਿਵਾ ਹੋਰ ਕਿਸੇ ਤੋਂ ਚਿੱਠੀਆਂ ਕਿਉਂ ਨਹੀਂ ਲਿਖਾਉਣੀਆਂ ਚਾਹੁੰਦੇ ।

**ਪ੍ਰਸ਼ਨ- ਮਾਂ ਹਰ ਕੌਰ ਨੇ, ਕਹਾਣੀਕਾਰ ਨੂੰ ਆਪਣੇ ਘਰ ਬੁਲਾ ਕੇ ਉਸ ਦੀ 'ਆਉ-ਭਗਤ ' ਕਿਵੇਂ ਕੀਤੀ ?**

ਉੱਤਰ-ਮਾਂ ਹਰ ਕੌਰ ਨੇ ਲੇਖਕ ਨੂੰ ਘਰ ਬੁਲਾ ਕੇ ਉਸ ਦੀ ਆਉ-ਭਗਤ ਕਰਨ ਲਈ ਦਰਵਾਜ਼ੇ ਵਿੱਚ ਪੀੜ੍ਹੀ ਡਾਹੀ ਤੇ ਅੱਗੇ ਦੁੱਧ ਦਾ ਗਲਾਸ ਰੱਖਿਆ । ਮੋਹਣ ਦੇ ਨਾਂਹ-ਨੁੱਕਰ ਕਰਨ ਉੱਤੇ ਉਸ ਨੇ ਉਸ ਨੂੰ ਕਿਹਾ ਕਿ ਉਹ ਦੁੱਧ ਜ਼ਰੂਰ ਪੀਵੇ । ਉਹ ਉਸ ਦਾ ਹੱਕ ਨਹੀਂ ਰੱਖਦੀ । ਉਹ ਵੇਲੇ-ਕੁਵੇਲੇ ਵੀ ਲੋੜ ਪੈਣ ਤੇ ਦੁੱਧ ਲਿਜਾ ਸਕਦਾ ਹੈ, ਪਰ ਉਹ ਉਸ ਨੂੰ ਚਿੱਠੀ ਜ਼ਰੂਰ ਲਿਖ ਦਿਆ ਕਰੇ । ਉਸ ਨੇ ਉਸ ਨੂੰ ਕਾਰਡ ਦਿੰਦਿਆਂ ਦੁੱਧ ਪੀਣ ਲਈ ਕਿਹਾ। ਜਦੋਂ ਮੋਹਣ ਨੇ ਗਲਾਸ ਚੁੱਕ ਕੇ ਮੂੰਹ ਨੂੰ ਲਾਇਆ, ਤਾਂ ਗਰਮ ਦੁੱਧ ਨੇ ਉਸ ਦੇ ਬੁੱਲ੍ਹ ਤੇ ਜੀਭ ਸਾੜ ਦਿੱਤੇ ਇਹ ਦੇਖ ਕੇ ਹਰ ਕੌਰ ਨੇ ਦੁੱਧ ਫੈਂਟ ਦਿੱਤਾ ਤੇ ਉਸ ਨੇ ਪੀ ਲਿਆ ।

**ਪ੍ਰਸ਼ਨ - ਚਿੱਠੀ ਲਿਖਾਉਂਦਿਆਂ ਮਾਂ ਹਰ ਕੌਰ ਨੇ ਅਜਿਹਾ ਕਿਹੜਾ ਵਿਸ਼ਾ ਛੋਹਿਆ ਜਿਸ ਨਾਲ ਲੇਖਕ ਦਾ ਮਨ ਖ਼ਰਾਬ ਹੋ ਗਿਆ ?**

ਉੱਤਰ-ਚਿੱਠੀ ਲਿਖਵਾਉਂਦਿਆਂ ਮਾਂ ਹਰ ਕੌਰ ਨੇ ਜਦੋਂ ਆਪਣੀ ਨੂੰਹ ਕਰ੍ਤਾਰੋ ਦੀ ਦੁੱਖ ਭਰੀ ਹਾਲਤ ਦਾ ਵਿਸ਼ਾ ਛੋਹਿਆ, ਤੇ ਉਸ ਨੂੰ ਇਹ ਲਿਖਣ ਲਈ ਕਿਹਾ ਕਿ ਪਰਸੋਂ ਕਰਤਾਰੋ ਨੇ ਪੁੱਤਰ ਨੂੰ ਜਨਮ ਦਿੱਤਾ ਸੀ । ਕਾਕਾ ਤਾਂ ਗੁਜ਼ਰ ਗਿਆ ਸੀ ਤੇ ਉਹ ਉਦੋਂ ਤੋਂ ਹੀ ਦਰਦ ਨਾਲ ਕਰਾਹ ਰਹੀ ਸੀ । ਉਸ ਨੇ ਕਿਹਾ ਕਿ ਉਹ ਉਸ ਦੇ ਪੁੱਤਰ ਨੂੰ ਲਿਖੇ ਕਿ ਉਹ ਬਹੁਤ ਦੁਖੀ ਹਨ, ਇਸ ਕਰਕੇ ਉਹ ਫ਼ੌਜ ਵਿਚੋਂ ਨਾਂ ਕਟਾ ਕੇ ਆ ਜਾਵੇ । ਇਹ ਕਹਿੰਦਿਆਂ ਹਰ ਕੌਰ ਨੇ ਅੱਖਾਂ ਭਰ ਲਈਆਂ, ਜਿਸ ਨਾਲ ਲੇਖਕ ਦਾ ਮਨ ਵੀ ਖ਼ਰਾਬ ਹੋ ਗਿਆ ।

**ਪ੍ਰਸ਼ਨ 6. ਬਜ਼ੁਰਗ ਔਰਤ ਨੇ ਚਿੱਠੀ ਵਿੱਚ ਆਪਣੇ ਪਸ਼ੂਆਂ ਬਾਰੇ ਮੋਹਣ ਸਿੰਘ (ਲੇਖਕ) ਤੋਂ ਕੀ ਕੁੱਝ ਲਿਖਵਾਇਆ ?**

ਉੱਤਰ-ਪਸ਼ੂਆਂ ਬਾਰੇ ਬਜ਼ੁਰਗ ਔਰਤ ਨੇ ਮੋਹਣ ਸਿੰਘ ਤੋਂ ਚਿੱਠੀ ਵਿੱਚ ਲਿਖਾਇਆ ਕਿ ਬੁਰੀ ਮੱਝ ਐਤਕਾਂ ਤੂ ਗਈ ਹੈ ਤੇ ਉਸ ਦੀ ਪੂਛ ਨੂੰ ਬਾਹਮਣੀ ਲੱਗ ਗਈ ਹੈ, ਪਰ ਹੁਣ ਠੀਕ ਹੈ ਤੇ ਉਸ ਦੀ ਪੂਛ ਵੱਢ ਦਿੱਤੀ ਗਈ ਹੈ, ਜਿਸ ਕਰਕੇ ਉਸ ਦੀ ਕੀਮਤ ਅੱਧੀ ਰਹਿ ਗਈ ਹੈ । ਨਾਰੇ ਬਲਦ ਦਾ ਕੰਨ੍ਹਾ ਸੁੱਜ ਗਿਆ ਹੈ, ਜੇਕਰ ਉਨ੍ਹਾਂ ਨੂੰ ਪਤਾ ਹੁੰਦਾ, ਤਾਂ ਉਹ ਬਾਰੂ ਨਾਂ ਦੇ ਘਰ ਪਾਲੇ ਵੱਛੇ ਨੂੰ ਨਾ ਵੇਚਦੇ, ਪਰ ਉਹ ਹਾਲਾ ਦੇਣ ਲਈ ਵੇਚਣਾ ਪਿਆ । ਜਿਸ ਦਿਨ ਉਹ ਵੇਚਿਆ ਗਿਆ, ਉਸ ਦੇ ਚਾਚੇ ਨੇ ਰੋਟੀ ਦੀ ਇੱਕ ਬੁਰਕੀ ਨਾ ਖਾਧੀ । ਸਾਰਾ ਦਿਨ ਥੰਮ੍ਹਲੇ ਨਾਲ ਲੱਗ ਕੇ ਬੈਠਾ ਰਿਹਾ ।

**ਪ੍ਰਸ਼ਨ :- ਹਰ ਕੌਰ ਦੇ ਮੂੰਹੋਂ 'ਬਾਕੀ ਸਭ ਸੁੱਖ-ਸਾਂਦ ਹੈ।'' ਸ਼ਬਦ ਸੁਣ ਕੇ ਲੇਖਕ ਦੇ ਹੱਥੋਂ ਕਲਮ ਕਿਉਂ ਡਿੱਗ ਪਈ ?**

ਉੱਤਰ-ਹਰ ਕੌਰ ਨੇ ਦੁੱਖਾਂ ਭਰੀ ਚਿੱਠੀ ਲਿਖਾਉਣ ਮਗਰੋਂ ਜਦੋਂ ਅੰਤ ਵਿੱਚ ਮੋਹਣ ਨੂੰ 'ਬਾਕੀ ਸਭ ਸੁਖ-ਸਾਂਦ ਹੈ' ਲਿਖਣ ਲਈ ਕਿਹਾ, ਤਾਂ ਲੇਖਕ ਦੇ ਹੱਥੋਂ ਇਹ ਸੋਚ ਕੇ ਕਲਮ ਡਿੱਗ ਪਈ ਕਿ ਦੁੱਖਾਂ ਨਾਲ ਮੂੰਹੋਂ-ਮੂੰਹ ਭਰੀ ਹਰ ਕੌਰ ਦੇ ਘਰ ਸੁੱਖ-ਸਾਂਦ ਕਿਵੇਂ ਹੋਈ ?

## ਵਸਤੂਨਿਸ਼ਠ ਪ੍ਰਸ਼ਨ-ਉੱਤਰ :-

ਪ੍ਰਸ਼ਨ :-"ਬਾਕੀ ਸਭ ਸੁੱਖ-ਸਾਂਦ ਹੈ" ਕਹਾਣੀ ਕਿਸ ਦੀ ਰਚਨਾ ਹੈ ?

ਉੱਤਰ-ਮੋਹਨ ਭੰਡਾਰੀ ।

ਪ੍ਰਸ਼ਨ :- ਸਾਰੇ ਪਿੰਡ ਵਿਚ ਚਿੱਠੀ ਲਿਖਣ ਵਾਲਾ ਕੌਣ ਸੀ ?

ਉੱਤਰ-ਮੋਹਨ ਸਿੰਘ ।

ਪ੍ਰਸ਼ਨ 3, ਲੋਕ ਮੋਹਣੇ (ਮੋਹਣ ਸਿੰਘ) ਨੂੰ ਕੀ ਸਮਝਣ ਲੱਗ ਪਏ ?

ਉੱਤਰ-ਹੰਕਾਰਿਆ ਹੋਇਆ ।

ਪ੍ਰਸ਼ਨ :- ਮੋਹਣ ਸਿੰਘ ਕਿੰਨ੍ਹਾ ਪੜ੍ਹਿਆ ਸੀ ?

ਉੱਤਰ-ਦਸਵੀਂ ।

ਪ੍ਰਸ਼ਨ :- ਮੋਹਣ ਸਿੰਘ ਕਿਨ੍ਹਿਆਂ ਵਰ੍ਹਿਆਂ ਤੋਂ ਲੋਕਾਂ ਦੀਆਂ ਚਿੱਠੀਆਂ ਲਿਖਦਾ ਆ ਰਿਹਾ ਸੀ ?

ਉੱਤਰ-ਪੰਜ ਵਰ੍ਹਿਆਂ ਤੋਂ।

ਪ੍ਰਸ਼ਨ :- ਮੋਹਣ ਚਿੱਠੀਆਂ ਵਿਚ ਕੀ ਲਿਖ-ਲਿਖ ਕੇ ਦੁਖੀ ਹੋ ਜਾਂਦਾ ਸੀ ?

ਉੱਤਰ-ਲੋਕਾਂ ਦੇ ਦੁੱਖ ।

ਪ੍ਰਸ਼ਨ :- ਹਰ ਕੌਰ ਦੇ ਪੁੱਤਰ ਦਾ ਨਾਂ ਕਈ ਸੀ ?

ਉੱਤਰ-ਜਾਗਰ ।

ਪ੍ਰਸਨ :- ਜਾਗਰ ਕਿੱਥੇ ਰਹਿੰਦਾ ਸੀ ?

ਉੱਤਰ-ਫ਼ੌਜ ਵਿਚ ।

ਪ੍ਰਸ਼ਨ :- ਹਰ ਕੌਰ ਨੇ ਮੋਹਨ ਸਿੰਘ ਨੂੰ ਕੀ ਪੀਣ ਲਈ ਦਿੱਤਾ ?

ਉੱਤਰ-ਦੁੱਧ ।

ਪ੍ਰਸ਼ਨ:- ਹਰ ਕੌਰ ਦੀ ਨੂੰਹ ਦਾ ਨਾਂ ਕਈ ਸੀ ?

ਉੱਤਰ-ਕਰਤਾਰੋ ।

ਪ੍ਰਸ਼ਨ :- ਹਰ ਕੌਰ ਨੇ ਕਿਸ ਵੱਲ ਚਿੱਠੀ ਲਿਖਵਾਈ ?

ਉੱਤਰ-ਆਪਣੇ ਪੁੱਤਰ ਜਾਗਰ ਵੱਲ

ਪ੍ਰਸ਼ਨ :- ਦੀਪੋ ਕੌਣ ਸੀ ?

ਉੱਤਰ-ਹਰ ਕੌਰ ਦੀ ਧੀ ।

ਪ੍ਰਸ਼ਨ :- ਬੂਰੀ ਮੱਝ ਦੀ ਪੁਛ ਕਿਉਂ ਵੱਢੀ ਸੀ ?

ਉੱਤਰ-ਬਾਹਮਣੀ ਲੱਗਣ ਕਰਕੇ/ਬਿਮਾਰੀ ਲੱਗਣ ਕਰਕੇ ।

ਪ੍ਰਸ਼ਨ - ਕਿਸ ਦਾ ਕੰਨ੍ਹਾ ਮਤਾੜਿਆ ਗਿਆ ਸੀ ?

ਉੱਤਰ-ਨਾਰੇ ਬਲਦ ਦਾ ।

ਪ੍ਰਸ਼ਨ :- ਕਿਸ ਦੇ ਕਾਕਾ ਹੋ ਕੇ ਗੁਜ਼ਰ ਗਿਆ ਸੀ ?

ਉੱਤਰ-ਕਰਤਾਰੋ ਦੇ/ਜਾਗਰ ਦੇ ।

ਪ੍ਰਸ਼ਨ :- ਹਰ ਕੌਰ ਜਾਗਰ ਦੀ ਨੌਕਰੀ ਬਾਰੇ ਕੀ ਚਾਹੁੰਦੀ ਸੀ ?

ਉੱਤਰ-ਕਿ ਉਹ ਨੌਕਰੀ ਛੱਡ ਆਵੇ।

ਪ੍ਰਸ਼ਨ:- ਮੋਹਣ ਹੋਰ ਕੌਰ ਨੂੰ ਕੀ ਕਹਿ ਕੇ ਸੰਬੋਧਨ ਕਰਦਾ ਹੈ ?

ਉੱਤਰ-ਚਾਚੀ ।

ਪ੍ਰਸ਼ਨ :-ਹਰ ਕੌਰ ਵੱਲੋਂ ਕਹਾਣੀ ਦੇ ਅੰਤ ਵਿਚ 'ਬਾਕੀ ਸਭ ਸੁੱਖ-ਸਾਂਦ ਹੈ' ਲਿਖਣ ਲਈ ਕਹਿਣ ਦਾ ਮੋਹਣ ਸਿੰਘ ਉੱਤੇ ਕੀ ਅਸਰ ਹੋਇਆ ?

ਉੱਤਰ-ਹੱਥੋਂ ਕਲਮ ਡਿੱਗ ਪਈ ।

ਪ੍ਰਸ਼ਨ :-ਹਰ ਕੌਰ/ਮੋਹਣਾ (ਮੋਹਣ ਸਿੰਘ) ਕਰਤਾਰੋ ਕਿਸ ਕਹਾਣੀ ਦੇ ਪਾਤਰ ਹਨ ?

ਉੱਤਰ-ਬਾਕੀ ਸਭ ਸੁੱਖ-ਸਾਂਦ ਹੈ ।

ਤਿਆਰ ਕਰਤਾ- ਨੀਟਾ ਭਾਟੀਆ

ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਕੈਂਪ ਬਟਾਲਾ

ਜ਼ਿਲ੍ਹਾ- ਗੁਰਦਾਸਪੁਰ ।